# ਨਗਰ ਨਿਗਮ ਹੁਸ਼ਿਆਰਪੁਰ

## ਪ੍ਰੈਸ ਨੋਟ

## ਨਗਰ ਨਿਗਮ ਵੱਲੋਂ ਲਗਾਏ ਗਏ ਡਸਟਬਿਨ ਦਾ ਢੱਕਣ ਕਬਾੜੀਏ ਤੋਂ ਬਰਾਮਦ ਦੋਸ਼ੀ ਦੇ ਖਿਲਾਫ ਹੋਵੇਗੀ ਸ਼ਖਤ ਕਾਰਵਾਈ...ਕਾਰਜ ਸਾਧਕ ਅਫ਼ਸਰ

ਹੁਸ਼ਿਆਰਪੁਰ 22 ਜੂਨ ਨਗਰ ਨਿਗਮ ਦੇ ਕਾਰਜ ਸਾਧਕ ਅਫ਼ਸਰ ਰਮੇਸ਼ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਗਰ ਨਿਗਮ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ਤੇ ਕੂੜਾ-ਕਰਕਟ ਦੀ ਸਾਭ-ਸੰਭਾਲ ਲਈ ਲਗਾਏ ਗਏ ਡਸਟਬਿੰਨ ਚੋਰੀ ਹੋਣ ਦੀ ਸੂਚਨਾ ਮਿਲੀ ਸੀ। ਜਿਸ ਤੇ ਉਹਨਾਂ ਨੇ ਚੀਫ ਸੈਨੇਟਰੀ ਇੰਸਪੈਕਟਰ ਨਵਦੀਪ ਸ਼ਰਮਾ, ਸੈਨੇਟਰੀ ਇੰਸਪਕੈਟਰ ਸੁਰਿੰਦਰ ਕੁਮਾਰ ਅਤੇ ਨਗਰ ਨਿਗਮ ਦੇ ਪੁਲਿਸ ਕਰਮਚਾਰੀਆਂ ਨੂੰ ਨਾਲ ਲੈ ਕੇ ਅੱਜ ਸਲਾਟਰ ਹਾਊਸ ਦੇ ਨਜਦੀਕ ਕਬਾੜ ਦਾ ਕੰਮ ਕਰਨ ਵਾਲੇ ਦੁਕਾਨਦਾਰ ਦੇ ਕਬਾੜ ਨੂੰ ਚੈਕ ਕੀਤਾ ਗਿਆ। ਜਿਸ ਵੱਲੋਂ ਨਗਰ ਨਿਗਮ ਦੇ ਡਸਟਬਿਨ ਦੇ ਢੱਕਣ ਬਰਾਮਦ ਕੀਤਾ ਗਿਆ। ਮੌਕੇ ਤੇ ਕਬਾੜ ਦਾ ਕੰਮ ਕਰ ਰਹੇ ਦੁਕਾਨਦਾਰ ਨੂੰ ਥਾਣਾ ਮਾਲਡ ਟਾਊਨ ਵਿਖੇ ਪੁਲਿਸ ਵਿਭਾਗ ਦੇ ਕਰਮਚਾਰੀਆਂ ਨੂੰ ਇਹਨਾਂ ਵਿਰੁੱਧ ਬਣਦੀ ਕਾਰਵਾਈ ਕਰਨ ਲਈ ਸੋਪਿਆ ਗਿਆ। ਉਹਨਾਂ ਸ਼ਹਿਰ ਦੇ ਕਬਾੜੀਆਂ ਨੂੰ ਚੇਤਾਵਨੀ ਦਿੱਤੀ ਕਿ ਸ਼ਹਿਰ ਵਿੱਚ ਕਬਾੜ ਦਾ ਕੰਮ ਕਰਨ ਵਾਲੇ ਦੁਕਾਨਦਾਰਾਂ ਦੀ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਚੈਕਿੰਗ ਕੀਤੀ ਜਾਵੇਗੀ ਅਤੇ ਨਗਰ ਨਿਗਮ ਦਾ ਕੋਈ ਵੀ ਸਮਾਨ ਬਰਾਮਦ ਹੋਣ ਤੇ ਉਹਨਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।